**ਦਫ਼ਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ,**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਾਈਕਰੋਸਾਫ਼ਟ ਬਿਲਡਿੰਗ**
**ਫੇਜ਼-3 ਬੀ-1, ਐਸ.ਏ.ਐਸ.ਨਗਰ।**
www.educationrecruitmentboard.com

---

ਨੰਬਰ:- 6/1-2020 ਭ.ਡ. (3) 202182213 ਮਿਤੀ, ਐਸ.ਏ.ਐਸ. ਨਗਰ:-05-03-2021

# ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਮਿਤੀ 28-02-2020/25-10-2020 ਨੂੰ 3704 ਮਾਸਟਰ ਕਾਡਰ ਪੋਸਟਾਂ ਦੀ ਭਰਤੀ ਸਬੰਧੀ ਵਿਗਿਆਪਨ ਦਿੱਤਾ ਗਿਆ ਸੀ। ਇਹਨਾਂ ਅਸਾਮੀਆਂ ਲਈ ਮਿਤੀ 27-01-2021 ਤੋਂ 02-02-2021 ਅਤੇ ਮਿਤੀ 02-03-2021 ਤੋਂ 03-03-2021 ਤੱਕ ਸਕਰੂਟਨੀ ਲਈ ਬੁਲਾਏ ਗਏ ਯੋਗ ਉਮੀਦਵਾਰਾਂ ਨੂੰ ਮਿਤੀ 26-02-2021, 27-02-2021 ਅਤੇ ਮਿਤੀ 05-03-2021 ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ। ਹੁਣ ਜਿਨ੍ਹਾਂ ਵਿਸ਼ਿਆਂ/ਕੈਟਾਗਰੀਆਂ ਦੀ ਪੋਸਟਾਂ ਖਾਲੀ ਰਹਿ ਗਈਆਂ ਹਨ, ਨਾਲ ਨੱਥੀ ਲਿਸਟਾਂ ਅਨੁਸਾਰ ਉਹਨਾਂ ਉਮੀਦਵਾਰਾਂ ਨੂੰ ਦਫ਼ਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫ਼ਟ ਬਿਲਡਿੰਗ) ਫ਼ੇਜ਼-3ਬੀ1, ਐਸ.ਏ.ਐਸ.ਨਗਰ ਵਿਖੇ ਮਿਤੀ 06-03-2021 ਨੂੰ ਸਵੇਰੇ 9.30 ਵਜੇ ਸੱਦਾ ਦਿੱਤਾ ਜਾਂਦਾ ਹੈ।

ਸਕਰੂਟਨੀ ਲਈ ਬੁਲਾਏ ਉਮੀਦਵਾਰ, ਸਕਰੂਟਨੀ ਲਈ ਆਉਣ ਤੋਂ ਪਹਿਲਾਂ ਆਪਣੀ ਲਾਗ-ਇਨ ਆਈ-ਡੀ ਤੋਂ ਹੇਠ ਲਿਖੇ ਸਰਟੀਫ਼ਿਕੇਟ ਅਪਲੋਡ ਕਰਨਗੇ:

1. ਮੈਟ੍ਰਿਕ ਦਾ ਡੀ.ਐਮ.ਸੀ. ਅਤੇ ਸਰਟੀਫ਼ਿਕੇਟ (ਸਨਦ)।
2. 10+2 ਦਾ ਡੀ.ਐਮ.ਸੀ. ਅਤੇ ਸਰਟੀਫ਼ਿਕੇਟ (ਸਨਦ)।
3. ਗ੍ਰੈਜੂਏਸ਼ਨ ਦਾ ਡੀ.ਐਮ.ਸੀ. ਅਤੇ ਡਿਗਰੀ।
4. ਬੀ.ਐਡ. ਦਾ ਡੀ.ਐਮ.ਸੀ. ਅਤੇ ਡਿਗਰੀ।
5. ਕੈਟਾਗਰੀ ਸਰਟੀਫ਼ਿਕੇਟ
6. ਪੰਜਾਬ ਡੋਮੀਸਾਈਲ (ਵਸਨੀਕ) ਸਰਟੀਫ਼ਿਕੇਟ।
7. PSTET-2 ਪਾਸ ਸਰਟੀਫ਼ਿਕੇਟ।

ਸਕਰੂਟਨੀ ਲਈ ਬੁਲਾਏ ਗਏ ਉਮੀਦਵਾਰਾਂ ਦੀ ਸੂਚੀ, ਪੜਤਾਲ (ਸਕਰੂਟਨੀ) ਪ੍ਰੋਫ਼ਾਰਮਾ ਅਤੇ ਹੋਰ ਜਾਣਕਾਰੀ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਅਪਲੋਡ ਕਰ ਦਿੱਤੀ ਗਈ ਹੈ।

05/03/21
ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ

ਨੋਟ:- ਸਕਰੂਟਨੀ ਲਈ ਆਉਣ ਵਾਲੇ ਉਮੀਦਵਾਰ ਕੋਵਿਡ-19 ਸਬੰਧੀ, ਸਿਹਤ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਜਿਵੇਂ ਮਾਸਕ ਪਾਉਣਾ, ਸਮਾਜਿਕ ਦੂਰੀ ਰੱਖਣਾ ਆਦਿ ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।

Scanned with CamScanner